915.4V
G22G
28023

ਪਹਿਲੀ ਐਡੀਸ਼ਨ — ੧੦੦੦
ਜੁਲਾਈ, ੧੯੪੨

PREET SAINIK PRESS, PREET NAGAR, (AMRITSAR).
PRINTED AND PUBLISHED BY GUR BAKHSH SINGH

ਪਰਵੇਸ਼

ਮਨੁੱਖ ਨੇ ਸੈਂਕੜੇ ਸਦੀਆਂ ਵਿਚ ਅਖ਼ਲਾਕੀ ਤੇ ਆਤਮਕ ਕੀਮਤਾਂ ਦਾ ਖ਼ਜ਼ਾਨਾ ਜੋੜਿਆ ਸੀ। ਇਸ ਖ਼ਜ਼ਾਨੇ ਦਾ ਇਸ ਨੂੰ ਮਾਨ ਸੀ। ਪਰ ਇਤਿਹਾਸ ਦੇ ਸਭ ਤੋਂ ਭਿਆਨਕ ਜੰਗ ਨੇ ਇਸ ਦੀਆਂ ਨੀਹਾਂ ਵਿਚ ਬਾਰੂਦੀ ਸੁਰੰਗਾਂ ਲਾ ਦਿਤੀਆਂ ਹਨ। ਪਤਾ ਨਹੀਂ ਕਦੋਂ ਉਮਰਾਂ ਦੀ ਸਾਰੀ ਕਮਾਈ ਧੂੰਆਂ ਹੋ ਜਾਏ। ਸਭ ਕੁਝ ਬਰਬਾਦੀ ਦੇ ਮੂੰਹ ਪਿਆ ਦਿਸ ਰਿਹਾ ਹੈ।

ਤੇ ਬਰਬਾਦੀ ਦੇ ਕੰਢੇ ਬੇ-ਵਸ ਖਲੋਤਾ ਮਨੁੱਖ ਨਿਰਾਸਤਾ ਵਿਚ ਦੋਵੇਂ ਹਥ ਮਲ ਰਿਹਾ ਹੈ – ਪਰ ਕਦੇ ਕਦੇ ਇਹ ਆਕਾਸ਼ ਵਲ ਅੱਖਾਂ ਚੁੱਕ ਕੇ ਵੀ ਵੇਖ ਲੈਂਦਾ ਹੈ।

ਭਾਵੇਂ ਸਾਰਾ ਆਕਾਸ਼ ਜੰਗ ਦੇ ਧੂੰਏਂ ਨਾਲ ਕਾਲਾ ਹੈ, ਪਰ ਫਿਰ ਵੀ ਇਸ ਦੀ ਟਿਕ-ਟਿਕੀ ਕਿਸੇ ਲਿਸ਼ਕਾਰੇ ਨੂੰ ਢੂੰਡ ਰਹੀ ਹੈ – ਕਿਸੇ ਜੰਗ-ਰਹਿਤ ਸਿਤਾਰੇ ਨੂੰ।

ਇਹ ਲੇਖ ਉਸ ਸਿਤਾਰੇ ਦੀਆਂ ਮੁਤਲਾਸ਼ੀ ਅੱਖੀਆਂ ਦੇ ਇਕ ਜੋੜੇ ਦੀ ਆਸ ਭਰੀ ਨੀਝ ਹੈ।

ਪ੍ਰੀਤ ਨਗਰ
ਜੁਲਾਈ, ਪਹਿਲੀ ੧੯੪੨

ਗੁਰਬਖ਼ਸ਼ ਸਿੰਘ

ਫ਼ੈਸਲੇ ਦੀ ਘੜੀ – ੧
ਅਸੀ ਕੀ ਕਰੀਏ ? – ੧੩
ਜੰਗ ਤੇ ਹਿੰਦੁਸਤਾਨ – ੧੯
ਹਿੰਦੁਸਤਾਨ ਵਿਚ ਅਮ੍ਰੀਕਨ ਫੌਜਾਂ – ੨੬
ਲੜਾਈ ਤੇ ਹਿੰਦੁਸਤਾਨ – ੩੦
ਅੰਗ੍ਰੇਜ਼ ਚਲੇ ਜਾਣ – ੩੬
ਕੋਈ ਇਕੱਲਾ ਨਹੀਂ ਰਹਿ ਸਕਦਾ – ੩੮
ਕੋਈ ਆਖ਼ਰ ਨਹੀਂ ਆ ਸਕਦੀ – ੪੯
ਖ਼ਾਨਾ ਜੰਗੀ – ੫੫
ਰੂਸ ਦੀ ਸੁਰਖ਼ਰੂਈ – ੬੨
ਜੰਗ-ਰਹਿਤ ਦੁਨੀਆ – ੬੯
ਇਕ ਵਿਚਾਰ – ੭੯
ਲੜਾਈ ਪਿਛੋਂ ਦੁਨੀਆ – ੮੨
ਅਹਿੰਸਾ – ੯੮

ਫ਼ੈਸਲੇ ਦੀ ਘੜੀ

ਸਰ ਸਟੈਫ਼ਰਡ ਕ੍ਰਿਪਸ ਇਕ ਜ਼ਰੂਰੀ ਮਿਸ਼ਨ ਤੇ ਹਿੰਦੁਸਤਾਨ ਵਿਚ ਆਏ। ਕਈ ਅਧਮੋਈਆਂ ਆਸਾਂ ਸੁਰਜੀਤ ਹੋ ਗਈਆਂ। ਪਰ ਜਿਨ੍ਹਾਂ ਨੂੰ ਹਿੰਦੁਸਤਾਨ ਦੀ ਮੌਜੂਦਾ ਜ਼ਿਹਨੀਅਤ ਦਾ ਕੌੜਾ ਗਿਆਨ ਹੋ ਚੁਕਾ ਹੈ, ਉਹਨਾਂ ਦੇ ਦਿਲਾਂ ਵਿਚ ਕੋਈ ਉਮੈਦ ਸਰਕ ਨਾ ਸਕੀ। ਉਹਨਾਂ ਨੂੰ ਪਤਾ ਸੀ, ਕਿ ਸਰ ਕ੍ਰਿਪਸ ਜਿਹੜੀ ਦਾਤ ਦੇਣ ਲਈ ਲਿਆਏ ਹਨ, ਉਸ ਵਿਚੋਂ ਕੁਝ ਉਹ ਮਿਸਟਰ ਜਿਨਾਹ ਦੀ ਖ਼ਾਤਰ ਇਕ ਪਾਸੇ ਕਰ ਲੈਣਗੇ, ਮਤੇ ਹਿੰਦੂਆਂ ਦੀ ਤਾਕਤ ਵਧ ਜਾਏ। ਕੁਝ ਉਹ ਡਾਕਟਰ ਅੰਬੇਦਕਰ ਤੇ ਕੁਝ ਸਾਵਰਕਰ ਦੀ ਖ਼ਾਤਰ ਵਖ ਕਰ ਲੈਣਗੇ, ਕੁਝ ਖ਼ਿਆਲ ਸਿਖਾਂ ਦਾ ਵੀ ਕੀਤਾ ਜਾਏਗਾ। ਕੁਝ ਇਹ ਇਹਤਿਆਤ ਵੀ ਕਰਨੀ ਪਏਗੀ, ਕਿ ਮਤੇ ਮੁਸਲਮਾਨ ਰਿਆਇਤਾਂ ਲੈ ਲੈ ਕੇ ਓੜਕ ਹਕੂਮਤ ਲਈ ਵੀ ਔਖਿਆਈ ਦਾ ਕਾਰਨ ਬਣ ਜਾਣ। ਇਸ ਛਾਂਗ ਛੰਗਾਈ ਦੇ ਬਾਅਦ ਜਿਹੜਾ ਰੁੰਡ ਮੁੰਡ ਬਾਕੀ ਰਹਿ ਗਿਆ, ਉਹ ਕਿਸੇ ਨੇ ਵੀ ਨਹੀਂ ਸੀ ਮੰਨਣਾ – ਕਾਂਗਰਸ ਤੇ ਕਿਤੇ ਰਹੀ, ਮੁਸਲਿਮ ਲੀਗ ਨੂੰ ਵੀ ਮਨਜ਼ੂਰ ਨਹੀਂ ਸੀ ਹੋਣਾ।

ਉਹੀ ਹੋਇਆ। ਸਭ ਪਾਰਟੀਆਂ ਨੇ ਬ੍ਰਿਟਿਸ਼ ਪਾਰਲੀਮੈਂਟ ਦੀ ਤਜਵੀਜ਼ ਰੱਦ ਕਰ ਦਿੱਤੀ। ਇਹ ਤਜਵੀਜ਼ ਅੰਗਰੇਜ਼ਾਂ ਦੀ ਨੀਯਤ ਦੇ ਸ਼ਕ ਤੋਂ ਮਾੜੀ ਨਹੀਂ ਸੀ। ਇੰਗਲਿਸਤਾਨ ਦੀ ਜਨਤਾ ਦਿਲੋਂ ਚਾਹੁੰਦੀ ਹੈ ਕਿ ਹਿੰਦੁਸਤਾਨ ਨੂੰ ਆਜ਼ਾਦੀ ਦੇ ਦਿੱਤੀ ਜਾਏ। ਪਰ ਇੰਗਲਿਸਤਾਨ ਦੇ ਸਿਆਸਤਦਾਨਾਂ ਵਿਚ ਮੌਕੇ ਦੀ ਦਲੇਰੀ ਬਹੁਤ ਘਟ ਗਈ ਹੈ। ਉਹ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.